**ਪੰਜਾਬ ਸਰਕਾਰ**
**ਮਕਾਨ ਉਸਾਰੀ ਤੇ ਸਹਿਰੀ ਵਿਕਾਸ ਵਿਭਾਗ**
**(ਮਕਾਨ ਉਸਾਰੀ 2 ਸਾਖਾ)**

ਸੇਵਾ ਵਿਖੇ

ਡਾਇਰੈਕਟਰ,
ਨਗਰ ਅਤੇ ਗਰਾਮ ਯੋਜਨਾਬੰਦੀ ਵਿਭਾਗ,
ਪੰਜਾਬ, ਚੰਡੀਗੜ੍ਹ ।

ਮੀਮੋ ਨੰ: 18/30/2009 5 ਮਉ2 /3537 ਮਿਤੀ, ਚੰਡੀਗੜ੍ਹ
22.12.10

**ਵਿਸਾ:** **ਪੰਜਾਬ ਰਾਜ ਵਿਚ ਭੋਂ ਮੰਤਵ ਤਬਦੀਲੀ ਦੀਆਂ ਪਾਵਰਾਂ ਡੈਲੀਗੇਟ ਕਰਨ ਸਬੰਧੀ ।**

ਉਪਰੋਕਤ ਵਿਸੇ ਤੇ ਆਪ ਜੀ ਦੇ ਨੋਟ ਨੰ: 8340 ਸੀਟੀਪੀ(ਪਬ)/ਐਸਪੀ 432(ਜਨਰਲ), ਮਿਤੀ 30.11.2010 ਦੇ ਹਵਾਲੇ ਵਿੱਚ ਅਤੇ ਸਰਕਾਰ ਦੇ ਮੀਮੋ ਨੰ: 18/30/2009 5ਮਉ2/2427 ਮਿਤੀ 3-9-2009 ਦੀ ਲਗਾਤਾਰਤਾ ਵਿਚ ।

2. ਹਵਾਲੇ ਅਧੀਨ ਨੋਟ ਰਾਹੀਂ ਪ੍ਰਾਪਤ ਤਜਵੀਜ. ਨੂੰ ਸਰਕਾਰ ਦੇ ਪੱਧਰ ਤੇ ਵਿਚਾਰਨ ਉਪਰੰਤ ਸਰਕਾਰ ਦੇ ਮੀਮੋ ਨੰ: 18/30/2009 5ਮਉ2/2427, ਮਿਤੀ 3.9.2009 ਰਾਹੀਂ ਜਾਰੀ ਕੀਤੀਆਂ ਭੋਂ ਮੰਤਵ ਤਬਦੀਲੀ ਦੀਆਂ ਪਾਵਰਾਂ ਵਿੱਚ ਸੋਧ ਕਰਦੇ ਹੋਏ ਨਗਰ ਅਤੇ ਗਰਾਮ ਯੋਜਨਾਬੰਦੀ ਵਿਭਾਗ ਦੇ ਸੀਨੀਅਰ ਨਗਰ ਯੋਜਨਾਕਾਰਾਂ ਨੂੰ ਆਪਣੇ ਅਧਿਕਾਰ ਖੇਤਰ ਵਿੱਚ ਪੈਂਦੇ ਹੇਠ ਲਿਖੇ ਰਕਬੇ ਅਨੁਸਾਰ ਭੋਂ ਮੰਤਵ ਤਬਦੀਲੀ ਦੀਆਂ ਪਾਵਰਾਂ ਡੈਲੀਗੇਟ ਕੀਤੀਆਂ ਜਾਂਦੀਆਂ ਹਨ:

1. 25 ਏਕੜ ਤੱਕ ਰਿਹਾਇਸੀ, ਉਦਯੋਗਿਕ ਅਤੇ ਇੰਸਟੀਚਿਊਸ.ਨਲ
2. 2 ਏਕੜ ਤੱਕ ਵਪਾਰਕ (ਮਲਟੀਪਲੈਕਸ ਅਤੇ ਸਾਪਿੰਗ ਮਾਲ ਛੱਡਕੇ)
3. ਉਨ੍ਹਾਂ ਵੱਲੋਂ ਇਹ ਯਕੀਨੀ ਬਣਾਇਆ ਜਾਵੇ ਕਿ ਜੋ ਸੀ.ਐਲ.ਯੂ. ਉਨ੍ਹਾਂ ਵੱਲੋਂ ਕੀਤੇ ਜਾ ਰਹੇ ਹਨ, ਉਹ ਨੋਟੀਫਾਈਡ ਮਾਸਟਰ ਪਲੈਨ ਦੀਆਂ ਤਜਵੀਜਾਂ ਅਨੁਸਾਰ ਹਨ । ਜੋ ਰਕਬੇ ਨੋਟੀਫਾਈਡ ਲੋਕਲ ਪਲੈ ਨਿੰਗ ਏਰੀਏ ਵਿਚ ਪੈਂਦੇ ਹਨ ਅਤੇ ਮਾਸਟਰ ਪਲੈਨ ਜੋ ਅਜੇ ਨੋਟੀਫਾਈ ਨਹੀਂ ਹੋਏ, ਉਹ ਸਾਰੇ ਕੇਸ ਪਹਿਲਾਂ ਵਾਂਗ ਸਰਕਾਰ ਵੱਧਰ ਤੇ ਹੀ ਮੁੱਖ ਨਗਰ ਯੋਜਨਾਕਾਰ ਰਾਹੀਂ ਪ੍ਰਵਾਨ ਕੀਤੇ ਜਾਂਦੇ ਰਹਿਣਗੇ । ਸੀਨੀਅਰ ਨਗਰ ਯੋਜਨਾਕਾਰਾਂ ਨੂੰ ਇਹ ਵੀ ਸਪੱਸਟ ਕੀਤਾ ਜਾਂਦਾ ਹੈ ਕਿ ਜਿਨ੍ਹਾਂ ਸ.ਹਿਰਾਂ ਦੇ ਮਾਸਟਰ ਪਲਨੈ ਨੋਟੀਫਾਈ ਨਹੀਂ ਹੋਏ ਅਤੇ ਪਲੈਨਿਗੰ ਏਰੀਆ ਨੋਟੀਫਾਈ ਹੈ, ਭਾਵੇਂ ਉਸ ਰਕਬੇ ਦੀ ਨਾਨ ਸਟੈਚੁਟਰੀ ਮਾਸਟਰ ਪਲੈਨ ਬਣੀ ਹੋਈ ਹੈ, ਇਹ ਕੇਸ ਸਰਕਾਰ ਦੀ ਪੱਧਰ ਤੇ ਹੀ ਪ੍ਰਵਾਨ ਕੀਤੇ ਜਾਣਗੇ । ਜੋ ਰਕਬਾ ਨੋਟੀਫਾਈਡ ਲੋਕਲ ਪਲੈਨਿੰਗ ਏਰੀਆ ਤੋਂ ਬਾਹਰ ਹੋਵੇ, ਉੱਥੇ ਵੀ ਸੀ.ਐਲ.ਯੂ. ਐਸ.ਟੀ.ਪੀ. ਵੱਲੋਂ ਹੀ ਉਪਰੋਕਤ ਰਕਬਿਆਂ ਦੀ ਸੀਮਾਂ ਦੇ ਅੰਦਰ ਹੀ ਦਿਤਾ ਜਾਵੇਗਾ ।

ਪਰੰਤੂ ਇਹ ਯਕੀਨੀ ਬਣਾਇਆ ਜਾਵੇ ਕਿ ਜਿਸ ਸਾਈਟ ਦਾ ਸੀ.ਐਲ.ਯੂ. ਨੋਟੀਫਾਈਡ ਪਲੈਨਿੰਗ ਏਰੀਆ ਤੋਂ ਬਾਹਰ ਉਨ੍ਹਾਂ ਵੱਲੋਂ ਕੀਤਾ ਜਾ ਰਿਹਾ ਹੈ, ਉਹ ਪਲੈਨਿੰਗ ਸਾਈਟਿੰਗ ਦੀਆਂ ਸ.ਰਤਾਂ ਪੂਰੀਆਂ ਕਰਦੀ ਹੋਵੇ ਅਤੇ ਭਵਿੱਖ ਵਿੱਚ ਉਹ ਸਾਈਟ ਜਿਸ ਦਾ ਉਨ੍ਹਾਂ ਵੱਲੋਂ ਪਲੈਨਿੰਗ ਏਰੀਆ ਤੋਂ ਬਾਹਰ ਸੀ.ਐਲ.ਯੂ. ਕੀਤਾ ਜਾ ਰਿਹਾ ਹੈ, ਉਹ ਕਿਸੇ ਨਾ ਕਿਸੇ ਨਿਜੀ ਡਿਵੈਲਪਮੈਂਟ ਨਾਲ ਇੰਟੇਗਰੇਟ ਹੁੰਦਾ ਹੋਵੇ, ਖਾਸ ਤੋਰ ਤੇ ਰਿਹਾਇਸ.ੀ ਪ੍ਰੋਜੈਕਟ ਯਾਨੀਕਿ ਰਿਹਾਇਸ.ੀ ਪ੍ਰੋਜੈਕਟ ਪਲੈਨਿਗ ਏਰੀਏ ਤੋਂ ਬਾਹਰ ਆਈਸੋਲੇਸ.ਨ ਵਿੱਚ ਨਾ ਹੋਵੇ ।ਬਾਕੀ ਦੀਆਂ ਸ.ਰਤਾਂ ਪਹਿਲਾਂ ਵਾਲੀਆਂ ਹੀ ਰਹਿਣਗੀਆਂ ।

4. ਇਹ ਹੁਕਮ ਮਾਨਯੋਗ ਮੁੱਖ ਮੰਤਰੀ ਜੀ ਦੀ ਪ੍ਰਵਾਨਗੀ ਉਪਰੰਤ ਕੀਤੇ ਜਾਂਦੇ ਹਨ ।

ਅਧੀਨ ਸਕੱਤਰ

ਪਿੱਠ ਅੰਕਣ ਨੰ: 18/30/09-5 ਐਚ.ਜੀ. 2/3578-84, ਮਿਤੀ 22.12.10

ਉਤਾਰਾ ਹੇਠ ਲਿਖਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਮੁੱਖ ਪ੍ਰਸਾਸਕ, ਪੁੱਡਾ, ਐਸ.ਏ.ਐਸ. ਨਗਰ ।
2. ਮੁੱਖ ਪ੍ਰਸਾਸਕ, ਗਮਾਡਾ, ਐਸ.ਏ.ਐਸ. ਨਗਰ ।
3. ਮੱਖ ਪ੍ਰਸਾਸਕ, ਗਲਾਡਾ, ਲੁਧਿਆਣਾ ।
4. ਮੱਖ ਪ੍ਰਸਾਸਕ, ਏ.ਡੀ.ਏ. ਅੰਮ੍ਰਿਤਸਰ ।
5. ਮੱਖ ਪ੍ਰਸਾਸਕ, ਜੇ.ਡੀ.ਏ. ਜਲੰਧਰ ।
6. ਮੁੱਖ ਪ੍ਰਸਾਸਕ, ਪੀ.ਡੀ.ਏ., ਪਟਿਆਲਾ
7. ਮੱਖ ਪ੍ਰਸਾਸਕ, ਬੀ.ਡੀ.ਏ., ਬਠਿੰਡਾ ।

ਅਧੀਨ ਸਕੱਤਰ